# BUDHA DAL PUBLIC SCHOOL PATIALA
## Final Examination (19 March 2026)
**Class - VI**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5×1=5)

ਅੱਜ ਪਿਤਾ ਜੀ ਇੱਕ ਵੱਡੇ ਡੱਬੇ ਵਿੱਚ ਸ਼ਹਿਦ ਲੈ ਕੇ ਆਏ ਸਨ। ਸ਼ਹਿਦ ਵੇਖ ਕੇ ਦਾਦੀ ਜੀ ਬਹੁਤ ਖ਼ੁਸ਼ ਹੋਏ। ਮੈਂ ਪਿਤਾ ਜੀ ਤੋਂ ਪੁੱਛਿਆ–ਪਿਤਾ ਜੀ ਸ਼ਹਿਦ ਬਣਦਾ ਕਿਵੇਂ ਹੈ? ਪਿਤਾ ਜੀ ਨੇ ਦੱਸਿਆ–ਮਧੂ-ਮੱਖੀਆਂ ਸਰ੍ਹੋਂ, ਸੂਰਜਮੁਖੀ, ਪਪੀਤਾ, ਅਮਰੂਦ, ਸ਼ਹਿਤੂਤ ਆਦਿ ਦੇ ਫੁੱਲਾਂ ਦਾ ਰਸ ਚੂਸਦੀਆਂ ਹਨ। ਇਸ ਰਸ ਤੋਂ ਉਹ ਸ਼ਹਿਦ ਬਣਾਉਂਦੀਆਂ ਹਨ। ਮਧੂ-ਮੱਖੀਆਂ ਸ਼ਹਿਦ ਨੂੰ ਆਪਣੇ ਛੱਤੇ ਦੇ ਖ਼ਾਨਿਆਂ ਵਿੱਚ ਭਰ ਦਿੰਦੀਆਂ ਹਨ। ਉਹ ਆਪਣੇ ਪਰਾਂ ਨੂੰ ਹਿਲਾ ਕੇ ਛੱਤੇ ਦਾ ਤਾਪਮਾਨ ਠੀਕ ਰੱਖਦੀਆਂ ਹਨ ਅਤੇ ਸ਼ਹਿਦ ਦਾ ਪਾਣੀ ਸੁਖਾਉਂਦੀਆਂ ਹਨ। ਇਸ ਨਾਲ਼ ਰਸ ਗਾੜ੍ਹਾ ਹੋ ਜਾਂਦਾ ਹੈ। ਛੱਤੇ ਵਿੱਚ ਇੱਕ ਰਾਣੀ ਮੱਖੀ ਹੁੰਦੀ ਹੈ, ਜੋ ਆਂਡੇ ਦਿੰਦੀ ਹੈ। ਕੁਝ ਨਰ ਮੱਖੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ 'ਡਰੋਨ' ਕਿਹਾ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਮੱਖੀਆਂ ਹੁੰਦੀਆਂ ਹਨ। ਇਹ ਫੁੱਲਾਂ ਦਾ ਰਸ ਚੂਸਦੀਆਂ ਹਨ, ਛੱਤੇ ਬਣਾਉਂਦੀਆਂ ਹਨ, ਸਫ਼ਾਈ ਕਰਦੀਆਂ ਹਨ ਅਤੇ ਬੱਚਿਆਂ ਨੂੰ ਪਾਲ਼ਦੀਆਂ ਹਨ। ਸ਼ਹਿਦ ਦੀ ਖ਼ਾਸੀਅਤ ਇਹ ਹੈ ਕਿ ਇਹ ਹਜ਼ਾਰਾਂ ਸਾਲ ਤਕ ਵੀ ਖ਼ਰਾਬ ਨਹੀਂ ਹੁੰਦਾ। ਇਹ ਸਭ ਲਈ ਖ਼ਾਸਕਰ ਬੱਚਿਆਂ ਲਈ ਬਹੁਤ ਹੀ ਲਾਭਦਾਇਕ ਹੈ।

ੳ) ਕੀ ਵੇਖ ਦੇ ਦਾਦੀ ਦੀ ਬਹੁਤ ਖੁਸ਼ ਹੋਏ?

ਅ) ਮਧੂ-ਮੱਖੀਆਂ ਸ਼ਹਿਦ ਨੂੰ ਕਿੱਥੇ ਭਰ ਜਾਂਦੀਆਂ ਹਨ?

ੲ) ਡਰੋਨ ਕਿਸ ਨੂੰ ਕਿਹਾ ਜਾਂਦਾ ਹੈ?

ਸ) ਸ਼ਹਿਦ ਦੀ ਕੀ ਖ਼ਾਸੀਅਤ ਹੈ?

ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ। (4×1=4)



A-1

Scanned with OKEN Scanner

## ਵਿਆਕਰਨ

3) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:** **(4×1=4)**

ੳ) ਇੱਟ-ਕੁੱਤੇ ਦਾ ਵੈਰ

ਅ) ਹੱਥ ਪੈਰ ਮਾਰਨੇ

ੲ) ਸੁੱਕੇ ਬਾਗ਼ ਹਰੇ ਹੋਣਾ

ਸ) ਹੱਕਾ-ਬੱਕਾ ਹੋਣਾ

4) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** **(2×1=2)**

ੳ) ਜਿੱਥੇ ਛਾਪ-ਛਪਾਈ ਹੁੰਦੀ ਹੋਵੇ –

ਅ) ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ –

5) **ਹੇਠ ਲਿਖੇ ਸ਼ਬਦਾਂ ਦੇ ਦੋ–ਦੋ ਸਮਾਨਾਰਥਕ ਸ਼ਬਦ ਲਿਖੋ:** **(2×1=2)**

ਤਾਕਤ, ਰੁੱਖ

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ–ਦੋ ਸਾਰਥਕ ਸ਼ਬਦ ਬਣਾਓ:** **(2×1=2)**

ਆਤਮ, ਪਰ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ–ਦੋ ਸਾਰਥਕ ਸ਼ਬਦ ਬਣਾਓ:** **(2×1=2)**

ਨਾਕ, ਈ

8) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** **(4×½=2)**

ਬਟੇਰਾ, ਘੜਾ, ਪਿਤਾ, ਡੱਬਾ

9) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** **(4×½=2)**

ਪੋਥੀ, ਬਦਬੋ, ਵਸਤੂ, ਸੀ

10) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** **(4×½=2)**

ਮਾੜਾ, ਜਿੱਤ, ਚੇਤ, ਦੁੱਖ

11) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** **(4×½=2)**

ਆਗਿਯਾ, ਬੌਹਤ, ਗੋਬੀ, ਵੇਹੜਾ

12) **ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ:** **(2×1=2)**

ੳ) ਅੱਜ ਰੀਟਾ ਬਹੁਤ ਖੁਸ਼ ਹੈ।

ਅ) ਬੱਚੇ ਜਮਾਤ ਵਿੱਚ ਬੈਠੇ ਹਨ।



Scanned with OKEN Scanner

ਹਵ:
×1=4)

3) **ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਹਨਾਂ ਦੀ ਕਿਸਮ ਲਿਖੋ:** (2×1=2)

ੳ) ਮੈਂ ਸਕੂਲ ਜਾ ਰਿਹਾ ਹਾਂ।

ਅ) ਅੱਜ ਕਿਹੜਾ ਗੈਰ-ਹਾਜ਼ਰ ਹੈ?

14) **ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:** (2×1=2)

ੳ) ਦਾਦਾ ਜੀ ਡਾ ਕੋਲ ਗਏ

ਅ) ਮਾਤਾ ਪਿਤਾ ਦਾ ਸਤਿਕਾਰ ਕਰੋ

## ਪਾਠ ਪੁਸਤਕ ਤੇ ਅਧਾਰਤ

15) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** (6×1=6)

ੳ) ਸੱਗੀ ਫੁੱਲ ਕਿਸ ਅੰਗ ਦਾ ਗਹਿਣਾ ਹੈ?

ਅ) ਬੁਲਬੁਲ ਕਿੱਥੇ ਬੈਠ ਕੇ ਦਿਲ ਦੀ ਤਾਰ ਛੇੜਦੀ ਹੈ?

ੲ) ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਕਿਸ ਨਾਲ ਹੋਇਆ?

ਸ) ਦਾਦੀ ਮਾਂ ਨੂੰ ਬਾਤ ਕਿਸਨੇ ਸੁਣਾਈ ਸੀ?

ਹ) ਅੱਜ ਕੱਲ੍ਹ ਦੇ ਬੱਚੇ ਕਿਹੋ-ਜਿਹੇ ਹਨ?

ਕ) ਗਹਿਣੇ ਔਰਤਾਂ ਦੇ ਰੂਪ ਨੂੰ ਕੀ ਲਾਉਂਦੇ ਹਨ?

ਖ) ਕਿਸ ਨੇ ਜਸਲੀਨ ਅਤੇ ਹੈਰੀ ਨੂੰ ਝਿੜਕਿਆ?

16) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਛੇ)** (6×2=12)

ੳ) ਮਹਾਰਾਜਾ ਰਣਜੀਤ ਸਿੰਘ ਦੀ ਧਾਰਮਿਕ ਸਹਿਣਸ਼ੀਲਤਾ ਕਿਵੇਂ ਪ੍ਰਗਟ ਹੁੰਦੀ ਹੈ?

ਅ) ਹੈਰੀ ਨੇ ਆਪਣੀ ਹਾਰ ਕਿਉਂ ਮੰਨ ਲਈ?

ੲ) ਸੱਜ ਵਿਆਹੀ ਸੱਜ-ਧੱਜ ਕੇ ਕਿੱਥੇ ਬੈਠ ਜਾਂਦੀ ਹੈ?

ਸ) ਰੁੱਖਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ?

ਹ) ਦਾਦੀ ਮਾਂ ਦਾ ਕੀ ਮੱਤ ਸੀ?

ਕ) ਸਰਪੰਚ ਅਫ਼ਸਰ ਕੋਲ ਕਿਉਂ ਆਇਆ ਸੀ? ਉਸਨੂੰ ਉੱਥੇ ਆ ਕੇ ਕੀ ਪਤਾ ਲੱਗਦਾ ਹੈ?

ਖ) ਸੁਨਿਆਰੇ ਦੇ ਪੁੱਤਰ ਨੇ ਕਿਹੜੀ ਗੱਪ ਸੁਣਾਈ?

17) **ਖਾਲੀ ਥਾਵਾਂ ਭਰੋ:** (3×1=3)

ੳ) ਮੁਕਾਬਲੇ ਦਾ ਦਿਨ ..................... ਸੀ।

ਅ) ਇੱਕ ਵੱਟਾ ਮਹਾਰਾਜ ਦੇ ............... ਉੱਪਰ ਲੱਗਾ।

ੲ) ਚਾਰੋਂ ਸਾਥੀ ਕੋਰੇ ..................... ਸਨ।

Scanned with OKEN Scanner

18) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ ( ) ਅਤੇ ਗਲਤ ਵਾਕ ਅੱਗੇ ਗਲਤ ( ) ਦਾ ਨਿਸ਼ਾਨ ਲਗਾਓ: (4×½=2)

ੳ) ਤਿੰਨੋਂ ਸਾਥੀ ਮਿਲ ਕੇ ਕਿਰਸਾਣ ਦੇ ਪੁੱਤਰ ਨੂੰ ਬੁੱਧੂ ਬਣਾਉਣ ਵਿੱਚ ਸਫ਼ਲ ਹੋ ਗਏ।

ਅ) ਸਾਵਣ ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ।

ੲ) ਜਸਲੀਨ ਨੇ ਹੈਰੀ ਨੂੰ ਕਤੂਰੇ ਦਿਖਾਏ।

ਸ) ਬੇਰੀ ਨੂੰ ਵੱਟੇ ਸਿਪਾਹੀ ਮਾਰ ਰਹੇ ਸਨ।

(2×1=2)

19) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:

ੳ) "ਕਿਉਂ ਭਾਈ! ਮੇਰੇ ਝੋਟੇ ਦਾ ਕੀ ਦੇਣਾ ਚਾਹੁੰਦਾ ਏ।"

ਅ) "ਇਹ ਲਉ, ਸਰ, ਕੱਲ੍ਹ ਕੁਝ ਬੱਚੇ ਵੀ ਇੱਕ ਅਰਜ਼ੀ ਦੇ ਕੇ ਗਏ ਸਨ।"

(5×1=5)

20) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ)

ਬਾਰਸ਼, ਕਬਜ਼ਾ, ਵਤੀਰਾ, ਉਧਾਰ, ਮੁਟਿਆਰ, ਭਵਿੱਖ

## ਲਿਖਣ-ਕੌਸ਼ਲ

(8)

21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।

**ਦਿਵਾਲੀ**

ਨੁਕਤੇ –

ਜਾਣ-ਪਛਾਣ, ਇਤਿਹਾਸਕ ਮਹੱਤਵ, ਧਾਰਮਿਕ ਮਹੱਤਤਾ, ਸਰਦੀ ਦੀ ਰੁੱਤ ਦਾ ਅਰੰਭ, ਰੋਸ਼ਨੀਆਂ ਦਾ ਤਿਉਹਾਰ, ਘਰਾਂ ਅਤੇ ਦੁਕਾਨਾਂ ਦੀ ਸਾਫ਼-ਸਫ਼ਾਈ, ਬਜ਼ਾਰਾਂ ਵਿੱਚ ਰੌਣਕ, ਲਕਸ਼ਮੀ ਪੂਜਾ, ਅੰਮ੍ਰਿਤਸਰ ਦੀ ਦਿਵਾਲੀ, ਸਿੱਖਿਆ, ਸਾਰੰਸ਼।

ਜਾਂ

**ਰੁੱਖਾਂ ਦੇ ਲਾਭ**

ਨੁਕਤੇ –

ਜਾਣ-ਪਛਾਣ, ਰੁੱਖਾਂ ਦੀ ਦੇਣ, ਰੁਜ਼ਗਾਰ ਦਾ ਸਾਧਨ, ਵਰਖਾ ਲਈ ਸਹਾਇਕ, ਹੜ੍ਹਾਂ ਦੀ ਰੋਕਥਾਮ, ਸ਼ੁੱਧ ਹਵਾ ਦਾ ਸੰਚਾਰ, ਹਰਿਆਲੀ ਅਤੇ ਸੁੰਦਰਤਾ, ਰੁੱਖਾਂ ਦੀ ਕਟਾਈ ਤੇ ਰੋਕ, ਰੁੱਖ ਲਗਾਉਣੇ, ਸਿੱਖਿਆ, ਸਾਰੰਸ਼।

(7)

22) ਕੋਈ ਇੱਕ ਪੱਤਰ ਲਿਖੋ।

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।



Scanned with OKEN Scanner